# ਤੁਹਾਡੀ SAR 7 ਯੋਗਤਾ ਸਥਿਤੀ ਰਿਪੋਰਟ ਭਰਨ ਦਾ ਤਰੀਕਾ

## ਨਕਦੀ ਸਹਾਇਤਾ ਅਤੇ CalFresh (ਜਿਸਨੂੰ ਪਹਿਲਾਂ ਫ਼ੂਡ ਸਟੈਂਪ ਕਿਹਾ ਜਾਂਦਾ ਸੀ) ਬੈਨਿਫਿਟਾਂ ਲਈ:

ਤੁਹਾਡੀ SAR 7 (ਯੋਗਤਾ ਸਥਿਤੀ ਰਿਪੋਰਟ) ਭਰਨ ਵਿੱਚ ਤੁਹਾਡੀ ਮਦਦ ਕਰਨ ਲਈ ਇਸ ਫ਼ਾਰਮ ਨੂੰ ਸਾਂਭ ਕੇ ਰੱਖੋ। ਜੇਕਰ ਤੁਹਾਨੂੰ ਆਪਣੀ ਰਿਪੋਰਟ ਭਰਨ ਵਿੱਚ ਮਦਦ ਦੀ ਲੋੜ ਹੈ, ਤਾਂ **ਕਾਉਂਟੀ ਨੂੰ ਕਾਲ ਕਰੋ।**

- ਜੇਕਰ ਤੁਸੀਂ ਪੂਰੀ ਰਿਪੋਰਟ ਨਹੀਂ ਭੇਜਦੇ, ਤਾਂ ਤੁਹਾਡੇ ਬੈਨਿਫਿਟਾਂ ਵਿੱਚ ਦੇਰੀ ਹੋ ਸਕਦੀ ਹੈ, ਇਹ ਬਦਲ ਸਕਦੇ ਹਨ, ਜਾਂ ਬੰਦ ਕੀਤੇ ਜਾ ਸਕਦੇ ਹਨ, ਜਾਂ ਉਨ੍ਹਾਂ ਕਰਕੇ ਵਾਧੂ ਭੁਗਤਾਨ ਹੋ ਸਕਦਾ ਹੈ ਜੋ ਤੁਹਾਨੂੰ ਵਾਪਸ ਕਰਨਾ ਪਵੇਗਾ। ਤੁਹਾਨੂੰ ਸਾਰੇ ਸਵਾਲਾਂ ਦਾ ਜਵਾਬ ਦੇਣਾ ਪਵੇਗਾ, ਅਤੇ ਸਾਡੇ ਦੁਆਰਾ ਮੰਗੇ ਜਾਣ 'ਤੇ ਸਬੂਤ ਨੱਥੀ ਕਰਨਾ ਪਵੇਗਾ। ਪ੍ਰਸ਼ਨ 3 ਅਤੇ 4 ਸਿਰਫ CalWORKs ਲਈ ਹਨ, ਸਿਰਫ CalFresh ਪ੍ਰਾਪਤ ਕਰ ਰਹੇ ਪਰਿਵਾਰਾਂ ਨੂੰ ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਲੋੜ ਨਹੀਂ ਹੈ।
- **ਜੇਕਰ ਲੋੜ ਹੋਵੇ ਤਾਂ ਵੱਖਰਾ ਪੰਨਾ ਨੱਥੀ ਕਰੋ।**
- **ਤੁਹਾਡੇ ਦੁਆਰਾ ਦੱਸੇ ਜਾਣ ਵਾਲੇ ਤੱਥਾਂ ਕਰਕੇ ਤੁਹਾਡੇ ਬੈਨਿਫਿਟ ਵੱਧ ਸਕਦੇ ਹਨ, ਘੱਟ ਸਕਦੇ ਹਨ, ਜਾਂ ਬੰਦ ਕੀਤੇ ਜਾ ਸਕਦੇ ਹਨ।**

## ਹਿਦਾਇਤਾਂ

**ਤੁਹਾਨੂੰ SAR 7 ਕਦੋਂ-ਕਦੋਂ ਭਰਨ ਦੀ ਲੋੜ ਹੋਵੇਗੀ**
ਸਾਲ ਵਿੱਚ ਇਕ ਵਾਰ; (ਤੁਹਾਡੀ ਅਰਜ਼ੀ/ਸਾਲਾਨਾ ਨਵਿਆਉਣ ਤੋਂ ਬਾਅਦ 6 ਮਹੀਨੇ)। ਕਾਉਂਟੀ ਤੁਹਾਨੂੰ ਦੱਸੇਗੀ ਕਿ ਤੁਹਾਡੀ SAR 7 ਕਦੋਂ ਨੀਯਤ ਹੈ।

**ਤੁਹਾਡੇ ਘਰ ਵਿੱਚ ਰਹਿ ਰਹੇ ਲੋਕਾਂ ਦੀ ਜਾਣਕਾਰੀ ਦੇਣਾ**
**ਜੇਕਰ ਤੁਹਾਡੇ ਪਰਿਵਾਰ ਨੂੰ ਨਕਦੀ *ਸਹਾਇਤਾ* ਮਿਲਦੀ ਹੈ, ਤਾਂ ਇਨ੍ਹਾਂ ਲਈ ਤੱਥਾਂ ਦੀ ਜਾਣਕਾਰੀ ਦਿਓ:**

- ਸਭ **ਬੱਚੇ**-ਕੁਦਰਤੀ, ਗੋਦ ਲਏ, ਅਤੇ ਮਤਰਏ ਬੱਚੇ।
- ਸਭ **ਮਾਤਾ-ਪਿਤਾ**-ਕੁਦਰਤੀ, ਗੋਦ ਲੈਣ ਵਾਲੇ, ਅਤੇ ਮਤਰਏ ਮਾਤਾ-ਪਿਤਾ।
- ਬੱਚੇ ਦੇ ਮਾਮਲੇ ਵਿੱਚ ਦੂਜੇ **ਸਹਾਇਤਾ-ਪ੍ਰਾਪਤ** ਰਿਸ਼ਤੇਦਾਰ।
- **ਤੁਸੀਂ ਆਪ** ਅਤੇ ਤੁਹਾਡਾ **ਜੀਵਨ-ਸਾਥੀ ਜਾਂ ਰਜਿਸਟਰਡ ਡੋਮੈਸਟਿਕ ਪਾਰਟਨਰ**।
- ਕੋਈ ਵੀ ਵਿਅਕਤੀ ਜੋ **ਅਸਥਾਈ ਤੌਰ** 'ਤੇ ਘਰ ਤੋਂ ਗ਼ੈਰ-ਹਾਜ਼ਰ ਹੈ।

**ਜੇਕਰ ਤੁਹਾਡੇ ਪਰਿਵਾਰ ਨੂੰ *CalFresh* (*ਨਕਦੀ ਸਹਾਇਤਾ ਨਾਲ ਜਾਂ ਉਸਤੋਂ ਬਿਨਾਂ*) ਮਿਲਦਾ ਹੈ, ਤਾਂ ਤੁਹਾਨੂੰ ਇਨ੍ਹਾਂ ਲਈ ਵੀ ਤੱਥਾਂ ਦੀ ਜਾਣਕਾਰੀ ਦੇਣੀ ਪਵੇਗੀ:**

- ਸਾਰੇ ਬੱਚੇ।
- ਸਾਰੇ ਸਬੰਧਤ ਬਾਲਗ।
- ਪਰਿਵਾਰ ਵਿੱਚ ਸਾਰੇ ਦੂਜੇ ਲੋਕ ਜੋ ਬਾਕਾਇਦਾ ਤੁਹਾਡੇ ਨਾਲ ਭੋਜਨ ਖ਼ਰੀਦਦੇ ਅਤੇ ਤਿਆਰ ਕਰਦੇ ਹਨ।

**ਬੈਨਿਫਿਟ ਬੰਦ ਕਰਨ ਲਈ ਕਹਿਣਾ**

- SAR 7 'ਤੇ, ਬੈਨਿਫਿਟ ਬੰਦ ਕਰਨ ਵਾਲਾ ਭਾਗ **ਸਿਰਫ਼** ਓਦੋਂ ਭਰੋ ਜੇਕਰ ਤੁਸੀਂ ਆਪਣੇ ਕੋਈ ਬੈਨਿਫਿਟ ਬੰਦ ਕਰਨਾ ਚਾਹੁੰਦੇ ਹੋ। ਉਨ੍ਹਾਂ ਬੈਨਿਫਿਟਾਂ 'ਤੇ ਨਿਸ਼ਾਨ ਲਗਾਓ ਜੋ ਤੁਸੀਂ ਬੰਦ ਕਰਨਾ ਚਾਹੁੰਦੇ ਹੋ, ਅਤੇ SAR 7 'ਤੇ ਦਸਤਖ਼ਤ ਕਰ ਕੇ ਮਿਤੀ ਪਾਓ। *ਜੇਕਰ ਤੁਸੀਂ ਸਿਰਫ਼ ਆਪਣੇ ਕੁਝ ਬੈਨਿਫਿਟ ਬੰਦ ਕਰਨਾ ਅਤੇ ਦੂਜੇ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ SAR 7 ਦਾ ਬਾਕੀ ਹਿੱਸਾ ਭਰਨਾ ਪਵੇਗਾ।*
- ਤੁਸੀਂ ਕਾਉਂਟੀ ਨਾਲ ਸੰਪਰਕ ਕਰ ਕੇ ਵੀ ਆਪਣੇ ਬੈਨਿਫਿਟ ਬੰਦ ਕਰ ਸਕਦੇ ਹੋ।
- ਜੇਕਰ ਤੁਸੀਂ ਆਪਣੀ ਨਕਦੀ ਸਹਾਇਤਾ ਬੰਦ ਕਰਨ ਲਈ ਕਹਿੰਦੇ ਹੋ, ਤਾਂ ਤੁਹਾਡੇ Medi-Cal ਵੀ ਬੰਦ ਕੀਤੇ ਜਾਂ ਬਦਲੇ ਜਾ ਸਕਦੇ ਹਨ। ਹੋ ਸਕਦਾ ਹੈ ਤੁਸੀਂ Medi-Cal ਲਈ ਯੋਗ ਨਾ ਹੋਵੋ ਜਾਂ ਤੁਹਾਨੂੰ ਉਸਦੀ ਲਾਗਤ ਦੇ ਇਕ ਹਿੱਸੇ ਦਾ ਭੁਗਤਾਨ ਕਰਨਾ ਪਵੇ।

**ਹਰ ਸਵਾਲ ਭਰਨ ਦਾ ਤਰੀਕਾ**
**ਪਰਿਵਾਰ ਦੀ ਜਾਣਕਾਰੀ (ਸਵਾਲ 1)**
ਤੁਹਾਡੇ ਦੁਆਰਾ ਪਿਛਲੀ ਵਾਰ ਜਾਣਕਾਰੀ ਦੇਣ ਤੋਂ ਬਾਅਦ ਇਸ ਵਿੱਚ ਕੋਈ ਤਬਦੀਲੀ ਕਿ ਤੁਹਾਡੇ ਨਾਲ ਕੌਣ ਰਹਿੰਦਾ ਹੈ, ਤੁਹਾਡੇ ਪਤੇ ਵਿੱਚ ਕੋਈ ਤਬਦੀਲੀ (ਅਪਾਰਟਮੈਂਟ ਨੰਬਰ ਵਿੱਚ ਤਬਦੀਲੀ, ਅਤੇ ਰਿਹਾਇਸ਼ੀ ਖ਼ਰਚਿਆਂ ਵਿੱਚ ਤਬਦੀਲੀਆਂ ਸਮੇਤ)। ਇਸ ਵਿੱਚ ਸ਼ਾਮਲ ਹਨ: ਨਵੇਂ ਜਨਮੇ ਬੱਚੇ; ਅਸਥਾਈ ਤੌਰ 'ਤੇ ਘਰ ਵਿੱਚ ਗ਼ੈਰ-ਹਾਜ਼ਰ ਲੋਕ; ਜਾਂ ਕੋਈ ਵਿਅਕਤੀ ਜਿਸਦੀ ਮੌਤ ਹੋ ਗਈ, ਹਸਪਤਾਲ ਜਾਂ ਸੰਸਥਾ (ਜੇਲ੍ਹ ਜਾਂ ਕੈਦਖ਼ਾਨੇ ਸਮੇਤ) ਵਿੱਚ ਦਾਖਲ ਹੋਇਆ ਹੈ ਜਾਂ ਉੱਥੋਂ ਛੁੱਟੀ ਮਿਲੀ ਹੈ, ਆਦਿ।

**ਪਤੇ ਵਿੱਚ ਤਬਦੀਲੀ/ਰਿਹਾਇਸ਼ੀ ਖ਼ਰਚੇ (ਸਵਾਲ 2 ਅਤੇ 3)**
ਤੁਹਾਡੇ ਦੁਆਰਾ ਪਿਛਲੀ ਵਾਰ ਜਾਣਕਾਰੀ ਦੇਣ ਤੋਂ ਬਾਅਦ ਸਾਨੂੰ ਤੁਹਾਡੇ ਪਤੇ ਜਾਂ ਫ਼ੋਨ ਨੰਬਰ ਵਿੱਚ ਕਿਸੇ ਤਬਦੀਲੀ ਬਾਰੇ ਤੱਥ ਦਿਓ। ਜੇਕਰ ਤੁਸੀਂ CalFresh ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਨੂੰ ਕਿਰਾਇਆ ਅਤੇ ਮਦਦਗਾਰ ਸੇਵਾਵਾਂ ਜਿਹੇ ਨਵੇਂ ਰਿਹਾਇਸ਼ੀ ਖ਼ਰਚਿਆਂ ਦਾ ਸਬੂਤ ਦੇਣ ਲਈ ਕਿਹਾ ਜਾ ਸਕਦਾ ਹੈ। ਜੇਕਰ ਥਾਂ ਬਦਲਣ ਕਰਕੇ ਤੁਹਾਡੇ ਖ਼ਰਚੇ ਵੱਧ ਗਏ ਹਨ, ਤਾਂ ਨਵੀਆਂ ਰਕਮਾਂ ਲਿੱਖਣਾ ਯਕੀਨੀ ਬਣਾਓ। ਇਸ ਨਾਲ ਤੁਹਾਡੇ CalFresh ਬੈਨਿਫਿਟ ਵੱਧ ਸਕਦੇ ਹਨ।

**ਨੱਸ ਰਹੇ ਅਤੇ ਪੈਰੋਲ/ਪ੍ਰੋਬੇਸ਼ਨ ਦੀਆਂ ਉਲੰਘਣਾਵਾਂ (ਸਿਰਫ *CalWORKs*) (ਸਵਾਲ 4)**
ਇਹ ਸਵਾਲ ਤੁਹਾਡੇ ਨਾਲ ਪਹਿਲਾਂ ਤੋਂ ਰਹਿ ਰਹੇ ਅਜਿਹੇ ਕਿਸੇ ਵੀ ਵਿਅਕਤੀ 'ਤੇ ਲਾਗੂ ਹੁੰਦਾ ਹੈ ਜਿਸ ਨਾਲ ਤੁਹਾਡੇ ਦੁਆਰਾ ਪਿਛਲੀ ਵਾਰ ਜਾਣਕਾਰੀ ਦੇਣ ਤੋਂ ਬਾਅਦ ਇਨ੍ਹਾਂ ਵਿੱਚੋਂ ਕੁਝ ਵੀ ਹੋਇਆ ਸੀ। ਇਹ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੋਣ ਵਾਲੇ ਅਜਿਹੇ ਕਿਸੇ ਵਿਅਕਤੀ 'ਤੇ ਵੀ ਲਾਗੂ ਹੁੰਦਾ ਹੈ ਜੋ ਕਨੂੰਨ ਤੋਂ ਨੱਸ ਰਿਹਾ ਹੈ ਜਾਂ ਪੈਰੋਲ/ਪ੍ਰੋਬੇਸ਼ਨ ਦੀ ਉਲੰਘਣਾ ਕਰ ਰਿਹਾ ਹੈ। ਸਾਨੂੰ ਉਸ ਵਿਅਕਤੀ ਦਾ ਨਾਂ, ਥਾਂ, ਅਤੇ ਵਾਰੰਟ ਜਾਰੀ ਕਰਨ ਜਾਂ ਉਲੰਘਣਾ ਹੋਣ ਦੀ ਮਿਤੀ ਦੀ ਲੋੜ ਹੈ।

ਜੇਕਰ ਤੁਸੀਂ ਪਹਿਲਾਂ ਕਾਉਂਟੀ ਨੂੰ ਜਾਣਕਾਰੀ ਦਿੱਤੀ ਸੀ, ਤਾਂ ਤੁਹਾਨੂੰ ਉਹੀ ਜਾਣਕਾਰੀ ਦੁਬਾਰਾ ਦੇਣ ਦੀ ਲੋੜ ਨਹੀਂ ਹੈ।

**ਖ਼ਰਚੇ (CalFresh ਜਾਣਕਾਰੀ) (ਸਵਾਲ 5, 6 ਅਤੇ 7)**
ਇਹ ਸਵਾਲ ਤੁਹਾਡੇ CalFresh ਬੈਨਿਫਿਟ ਬਦਲ ਸਕਦੇ ਹਨ। ਇਹ ਜਾਣਕਾਰੀ ਸਾਡੇ ਦੁਆਰਾ ਗਿਣੀ ਜਾਣ ਵਾਲੀ ਆਮਦਨੀ ਨੂੰ ਘਟਾ ਸਕਦੀ ਹੈ ਅਤੇ ਤੁਹਾਡੇ ਬੈਨਿਫਿਟਾਂ ਨੂੰ ਵਧਾ ਸਕਦੀ ਹੈ। 60 ਸਾਲ ਜਾਂ ਉਸਤੋਂ ਵੱਧ ਉਮਰ ਦੇ ਜਾਂ ਅਸਮਰੱਥ ਲੋਕਾਂ ਲਈ, ਤੁਹਾਡੇ ਦੁਆਰਾ ਆਪਣੇ ਵੱਲੋਂ ਕੀਤੇ ਜਾਣ ਵਾਲੇ ਡਾਕਟਰੀ ਖ਼ਰਚਿਆਂ ਵਿੱਚ ਕਿਸੇ ਤਬਦੀਲੀ ਦੀ ਜਾਣਕਾਰੀ ਦਿਓ। ਕਿਸੇ ਵੀ CalFresh ਪਰਿਵਾਰ ਲਈ, ਕੰਮ ਜਾਂ ਸਿਖਲਾਈ ਲਈ ਲੁੜੀਂਦੀ ਬਾਲ ਜਾਂ ਬਾਲਗ ਆਸ਼ਰਤ ਦੇਖਭਾਲ ਲਈ ਆਪਣੇ ਖ਼ਰਚਿਆਂ ਵਿੱਚ ਤਬਦੀਲੀਆਂ ਦੀ ਜਾਣਕਾਰੀ ਦਿਓ। ਜੇਕਰ ਤੁਸੀਂ ਬਾਲ ਸਹਾਇਤਾ ਲਈ ਭੁਗਤਾਨ ਕਰਦੇ ਹੋ, ਤਾਂ ਭੁਗਤਾਨ ਕੀਤੀ ਗਈ ਰਕਮ ਵਿੱਚ ਕਿਸੇ ਤਬਦੀਲੀ ਦੀ ਜਾਣਕਾਰੀ ਦਿਓ। **ਇਹ ਵੇਖਣ ਲਈ ਸਬੂਤ ਨੱਥੀ ਕਰੋ ਕਿ ਤੁਹਾਨੂੰ ਜ਼ਿਆਦਾ ਬੈਨਿਫਿਟ ਮਿਲ ਸਕਦੇ ਹਨ।**

**ਸੰਪੱਤੀ (ਸਵਾਲ 8)**
ਸੰਪੱਤੀ ਪ੍ਰਾਪਤ ਕਰਨ, ਖ਼ਰੀਦਣ, ਵੇਚਣ, ਸੌਦਾ ਕਰਨ, ਖ਼ਰਚ ਕਰਨ ਜਾਂ ਦੇਣ ਵਾਲਾ ਕੋਈ ਵੀ ਵਿਅਕਤੀ ਲਿਖੋ। ਸੰਪੱਤੀ ਵਿੱਚ ਸ਼ਾਮਲ ਹਨ: ਜ਼ਮੀਨ, ਘਰ, ਕਾਰਾਂ, ਬੈਂਕ ਖਾਤੇ, ਪੈਸੇ ਦੇ ਭੁਗਤਾਨ (ਲਾਟਰੀ ਜਾਂ ਕੈਸੀਨੋ ਵਿੱਚ ਜਿੱਤੀ ਗਈ ਰਕਮ, ਪੂਰਵ-ਵਿਆਪੀ ਸੋਸ਼ਲ ਸਿਕਉਰਿਟੀ, ਟੈਕਸ ਵਾਪਸੀਆਂ, ਆਦਿ)। ਇਸ ਵਿੱਚ ਤੋਹਫ਼ੇ ਅਤੇ ਕਰਜ਼ ਸ਼ਾਮਲ ਹਨ। ਕਿਸਦੀ ਸੰਪੱਤੀ, ਸੰਪੱਤੀ ਦੀ ਕਿਸਮ, ਉਸ ਵਿੱਚ ਕਦੋਂ ਤਬਦੀਲੀ ਹੋਈ ਸੀ, ਅਤੇ ਸੰਪੱਤੀ ਦੀ ਕੀਮਤ ਲਿਖੋ (ਫ਼ਾਰਮ 'ਤੇ "ਰਕਮ")। ਜੋ ਹੋਇਆ ਸੀ ਉਸ ਲਈ ਖਾਨੇ ਵਿੱਚ ਨਿਸ਼ਾਨ ਲਗਾਓ। **ਸਬੂਤ ਨੱਥੀ ਕਰੋ।**

ਜੇਕਰ ਤੁਸੀਂ ਪਹਿਲਾਂ ਹੀ ਨਵੀਂ ਸੰਪੱਤੀ ਦੀ ਜਾਣਕਾਰੀ ਅਤੇ ਉਸਦਾ ਸਬੂਤ ਮੁਹੱਈਆ ਕਰ ਚੁੱਕੇ ਹੋ, ਤਾਂ ਕੋਈ ਤਬਦੀਲੀ ਨਾ ਹੋਣ ਤਕ ਤੁਹਾਨੂੰ ਫੇਰ ਉਸਦੀ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ।

**ਰੁਜ਼ਗਾਰ ਆਮਦਨੀ (ਸਵਾਲ 9)**
ਰੁਜ਼ਗਾਰ (ਕੰਮ) ਤੋਂ ਹੋਣ ਵਾਲੀ **ਸਾਰੀ** ਆਮਦਨੀ ਲਿਖੋ - ਕਮਾਈਆਂ, ਬਖ਼ਸ਼ੀਸ਼ਾਂ, ਸਿਖਲਾਈ ਭੱਤੇ, ਬੈਨਿਫਿਟ, ਜਾਂ ਰਿਪੋਰਟ ਦੇ ਮਹੀਨੇ ਵਿੱਚ ਕਿਸੇ ਵਿਅਕਤੀ ਨੂੰ ਹੋਈਆਂ ਕੋਈ ਵੀ ਹੋਰ ਆਮਦਨੀਆਂ। ਟੈਕਸ ਅਤੇ ਕਟੌਤੀਆਂ ਤੋਂ ਪਹਿਲਾਂ ਦੀ ਰਕਮ ਲਿਖੋ (ਕੁੱਲ ਰਕਮ)। **ਸਬੂਤ ਨੱਥੀ ਕਰੋ।**

- **ਰੁਜ਼ਗਾਰ ਆਮਦਨੀ** ਵਿੱਚ ਤਨਖ਼ਾਹ ਦੇ ਚੈਕ, ਨਕਦੀ ਆਮਦਨੀ, ਛੁੱਟੀਆਂ ਵਿੱਚ ਆਮਦਨੀ, ਬੋਨਸ, ਸਵੈ-ਰੁਜ਼ਗਾਰ ਤੋਂ ਪ੍ਰਾਪਤ ਰਕਮ, ਅਸਥਾਈ ਨੌਕਰੀ ਜਾਂ ਸਿਖਲਾਈ ਤੋਂ ਆਮਦਨੀ, ਕਿਰਾਏ ਤੋਂ ਆਮਦਨੀ, IHSS, ਆਦਿ ਸ਼ਾਮਲ ਹਨ ਪਰ ਇਹ ਇਨ੍ਹਾਂ ਤਕ ਸੀਮਿਤ ਨਹੀਂ ਹੈ।
- ਜੇਕਰ **ਸਵੈ-ਰੁਜ਼ਗਾਰ** ਵਿੱਚ ਹੋ, ਤਾਂ ਤੁਹਾਨੂੰ ਸਬੂਤ ਤੋਂ ਬਿਨਾਂ ਖ਼ਰਚਿਆਂ ਲਈ 40% ਕਟੌਤੀ ਮਿਲ ਸਕਦੀ ਹੈ। ਜੇਕਰ ਤੁਹਾਡੇ ਖ਼ਰਚੇ ਜ਼ਿਆਦਾ ਹਨ, ਅਤੇ ਤੁਸੀਂ ਅਸਲੀ ਖ਼ਰਚਿਆਂ ਲਈ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਇਕ ਵੱਖਰੇ ਪੰਨੇ 'ਤੇ ਸਭ ਕਾਰੋਬਾਰੀ ਖ਼ਰਚੇ ਸੂਚੀਬੱਧ ਕਰੋ। ਜੇਕਰ ਅਸਲੀ ਖ਼ਰਚਿਆਂ ਦੀ ਵਰਤੋਂ ਕਰ ਰਹੇ ਹੋ ਤਾਂ ਸਬੂਤ ਨੱਥੀ ਕਰੋ।
- **ਨੌਕਰੀ ਚਲੇ ਜਾਣ ਦੇ ਖ਼ਰਚਿਆਂ** ਵਿੱਚ ਸ਼ਾਮਲ ਹੈ ਰੁਜ਼ਗਾਰਦਾਤਾ ਤੋਂ ਚਿੱਠੀ, UIB ਅਵਾਰਡ ਦੀ ਚਿੱਠੀ, ਜਾਂ ਜੇ ਕੋਈ ਹੋਰ ਪੁਸ਼ਟੀਕਰਣ ਉਪਲਬਧ ਨਹੀਂ ਹੈ, ਤਾਂ ਦਸਤਖ਼ਤ ਕੀਤਾ ਲਿਖਤੀ ਬਿਆਨ, ਪਰ ਇਹ ਇਨ੍ਹਾਂ ਤਕ ਸੀਮਿਤ ਨਹੀਂ ਹਨ।

**ਰੁਜ਼ਗਾਰ ਤੋਂ ਆਮਦਨੀ ਵਿੱਚ ਤਬਦੀਲੀ (ਸਵਾਲ 10)**
ਸਾਨੂੰ ਇਹ ਜਾਣਨ ਦੀ ਲੋੜ ਹੈ ਕੀ ਆਮਦਨੀ ਜਾਰੀ ਰਹੇਗੀ ਜਾਂ ਕਿ ਉਸ ਵਿੱਚ ਤਬਦੀਲੀਆਂ ਹੋਣਗੀਆਂ। ਜੇਕਰ ਤੁਹਾਡੀ ਆਮਦਨੀ ਉਹੀ ਰਹੇਗੀ ਤਾਂ ਅਸੀਂ ਤੁਹਾਡੇ ਦੁਆਰਾ ਦਿੱਤੀ ਜਾਣ ਵਾਲੀ ਜਾਣਕਾਰੀ ਨੂੰ ਅਗਲੇ 6 ਮਹੀਨਿਆਂ ਲਈ ਤੁਹਾਡੀ ਆਮਦਨੀ ਦੇ ਤੌਰ 'ਤੇ ਇਸਤੇਮਾਲ ਕਰਾਂਗੇ। ਜੇਕਰ ਤੁਸੀਂ ਜਾਣਦੇ ਹੋ ਕਿ ਆਮਦਨੀ ਵਿੱਚ ਤਬਦੀਲੀ ਹੋਵੇਗੀ, ਤਾਂ ਸਾਨੂੰ ਦੱਸੋ ਕਿ ਉਹ ਕਿਉਂ, ਕਿੰਨੀ ਅਤੇ ਕਦੋਂ ਹੋਵੇਗੀ। ਜੇਕਰ ਤੁਸੀਂ ਯਕੀਨੀ ਨਹੀਂ ਹੋ, ਤਾਂ ਤੁਸੀਂ ਤਬਦੀਲੀ ਹੋਣ 'ਤੇ ਵੀ ਉਸਦੀ ਜਾਣਕਾਰੀ ਦੇ ਸਕਦੇ ਹੋ। ਉਦਾਹਰਨ ਲਈ, ਜੇਕਰ ਤੁਹਾਨੂੰ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਸੀ ਅਤੇ ਤੁਸੀਂ ਆਪਣਾ ਘੰਟੇਵਾਰ ਮਿਹਨਤਾਨਾ ਅਤੇ ਕਾਰਜਕ੍ਰਮ ਜਾਣਦੇ ਹੋ, ਤਾਂ ਤੁਹਾਨੂੰ ਇਸਦੀ ਜਾਣਕਾਰੀ ਦੇਣੀ ਪਵੇਗੀ ਭਾਵੇਂ ਹੁਣ ਤਕ ਤੁਸੀਂ ਕੰਮ ਕਰਨਾ ਸ਼ੁਰੂ ਨਹੀਂ ਕੀਤਾ ਹੈ ਜਾਂ ਤੁਹਾਨੂੰ ਭੁਗਤਾਨ ਨਹੀਂ ਕੀਤਾ ਗਿਆ ਹੈ। ਨਾਲ ਹੀ, ਜੇਕਰ ਤੁਸੀਂ ਔਨ-ਕਾਲ ਕੰਮ ਕਰ ਰਹੇ ਹੋ ਜਾਂ ਤੁਹਾਡੇ ਕੋਲ ਇਕ ਕਾਰਜਕ੍ਰਮ ਹੈ ਜਿਸ ਵਿੱਚ ਬਹੁਤ ਜ਼ਿਆਦਾ ਤਬਦੀਲੀਆਂ ਹੁੰਦੀਆਂ ਹਨ, ਤਾਂ ਆਪਣੇ SAR 7 ਫ਼ਾਰਮ ਵਿੱਚ ਇਹ ਜਾਣਕਾਰੀ ਭਰੋ।

**ਰੁਜ਼ਗਾਰ ਆਮਦਨੀ ਦੇ ਸਬੂਤ ਵਿੱਚ ਇਹ ਸ਼ਾਮਲ ਹਨ ਪਰ ਇਹ ਇਨ੍ਹਾਂ ਤਕ ਸੀਮਿਤ ਨਹੀ ਹੈ:** ਚੈਕਾਂ ਦੀਆਂ ਪਰਚੀਆਂ, ਮਾਲਕ ਤੋਂ ਪ੍ਰਾਪਤ ਚੈਕਾਂ ਦੀਆਂ ਪ੍ਰਤੀਲਿਪੀਆਂ ਜਾਂ ਬਿਓਰੇ ਆਦਿ, ਜਾਂ ਸਵੈ-ਰੁਜ਼ਗਾਰ ਵਿੱਚ ਲੱਗੇ ਲਈ ਟੈਕਸ ਬਿਓਰੇ।

**ਕੋਈ ਹੋਰ ਆਮਦਨੀ (ਸਵਾਲ 11)**
ਕਿਸੇ ਹੋਰ ਸਰੋਤ ਤੋਂ ਹੋਰ **ਸਾਰੀ** ਆਮਦਨੀ ਲਿਖੋ। **ਸਬੂਤ ਨੱਥੀ ਕਰੋ।**

- **ਅਸਮਰਥਤਾ ਜਾਂ ਰਿਟਾਇਰਮੈਂਟ ਆਮਦਨੀ** ਵਿੱਚ SSI, ਸਮਾਜਕ ਸੁਰੱਖਿਆ, ਸਾਬਕਾ ਫੌਜੀਆਂ ਲਈ ਅਸਮਰਥਤਾ ਬੈਨਿਫਿਟ, ਮੁਲਾਜ਼ਮਾਂ ਲਈ ਮੁਆਵਜ਼ਾ ਜਾਂ ਅਸਮਰਥਤਾ/ਰਿਟਾਇਰਮੈਂਟ ਸਬੰਧੀ ਕੋਈ ਹੋਰ ਭੁਗਤਾਨ ਸ਼ਾਮਲ ਹਨ।
- **ਬੇਰੁਜ਼ਗਾਰੀ-ਸਬੰਧੀ ਬੈਨਿਫਿਟ**
- **ਕੁਝ ਹੋਰ**: ਲਾਟਰੀ ਵਿੱਚ ਜਿੱਤੀ ਗਈ ਰਕਮ, ਬੀਮਾ ਜਾਂ ਕਨੂੰਨੀ ਨਿਪਟਾਰਾ; ਤੋਹਫ਼ੇ ਜਾਂ ਕਰਜ਼; ਕਿਰਾਇਆ ਸਹਾਇਤਾ; ਮੁਫ਼ਤ ਰਿਹਾਇਸ਼/ਮਦਦਗਾਰ ਸੇਵਾਵਾਂ/ਕਪੜੇ/ਭੋਜਨ (ਜਾਂ ਜੇਕਰ ਕਿਸੇ ਨੇ ਤੁਹਾਡੇ ਲਈ ਇਨ੍ਹਾਂ ਸਾਰੇ ਖ਼ਰਚਿਆਂ ਲਈ ਭੁਗਤਾਨ ਕੀਤਾ); ਜਾਂ ਕੁਝ ਹੋਰ।
- **ਹੁਣ ਦੂਜੇ ਪੈਸੇ ਪ੍ਰਾਪਤ ਨਹੀਂ ਕਰ ਰਹੇ ਦੇ ਸਬੂਤਾਂ ਵਿੱਚ** ਸ਼ਾਮਲ ਹਨ ਬੈਨਿਫਿਟ ਪ੍ਰਦਾਤਾ ਤੋਂ ਚਿੱਠੀ ਜਾਂ ਜੇ ਕੋਈ ਹੋਰ ਪੁਸ਼ਟੀਕਰਣ ਉਪਲਬਧ ਨਹੀਂ ਹੈ, ਤਾਂ ਦਸਤਖ਼ਤ ਕੀਤਾ ਲਿਖਤੀ ਬਿਆਨ, ਪਰ ਇਹ ਇਨ੍ਹਾਂ ਤਕ ਸੀਮਿਤ ਨਹੀਂ ਹਨ।

(1) ਕਿਸਨੂੰ ਆਮਦਨੀ ਪ੍ਰਾਪਤ ਹੋਈ, (2) ਉਸ ਵਿਅਕਤੀ ਨੂੰ ਰਕਮ ਕਿੱਥੋਂ ਪ੍ਰਾਪਤ ਹੋਈ, ਅਤੇ (3) ਉਸ ਵਿਅਕਤੀ ਨੂੰ ਪ੍ਰਾਪਤ ਹੋਈ ਰਕਮ ਲਿਖੋ।

**ਹੋਰ ਆਮਦਨੀ ਵਿੱਚ ਤਬਦੀਲੀ (ਸਵਾਲ 12)**
ਜੇਕਰ ਤੁਸੀਂ ਸੋਚਦੇ ਹੋ ਕਿ ਆਮਦਨੀ ਜਾਰੀ ਰਹੇਗੀ ਜਾਂ ਜੇਕਰ ਤੁਸੀਂ ਜਾਣਦੇ ਹੋ ਕਿ ਉਹ ਬਦਲ ਜਾਵੇਗੀ ਤਾਂ ਸਾਨੂੰ ਦੱਸੋ। ਜੇਕਰ ਤੁਸੀਂ ਜਾਣਦੇ ਹੋ ਕਿ ਉਹ ਬਦਲ ਜਾਵੇਗੀ, ਤਾਂ ਸਾਨੂੰ ਦੱਸੋ ਕਿ ਉਹ ਕਦੋਂ ਅਤੇ ਕਿੰਨੀ ਬਦਲੇਗੀ।

**ਵਧੇਰੀ ਜਾਣਕਾਰੀ ਲਈ ਦੂਜੇ ਪਾਸੇ ਵੇਖੋ**

**ਦੂਜੀਆਂ ਕਿਸਮਾਂ ਦੀਆਂ ਆਮਦਨੀਆਂ ਦੇ ਸਬੂਤ ਵਿੱਚ ਇਹ ਸ਼ਾਮਲ ਹਨ ਪਰ ਇਨ੍ਹਾਂ ਤਕ ਸੀਮਿਤ ਨਹੀਂ ਹਨ:** ਚੈਕਾਂ ਦੀਆਂ ਪਰਚੀਆਂ, ਚੈਕਾਂ ਦੀਆਂ ਪ੍ਰਤੀਲਿਪੀਆਂ, ਤੁਹਾਨੂੰ ਰਕਮ ਦੇਣ ਵਾਲੀ ਏਜੰਸੀ ਤੋਂ ਸਪੁਰਦਗੀ ਪੱਤਰ, ਆਦਿ।

**ਕੋਈ ਹੋਰ ਤਬਦੀਲੀਆਂ (ਸਿਰਫ *CalWORKs*) (ਸਵਾਲ 13)**
ਕੋਈ ਹੋਰ ਚੀਜ਼ਾਂ ਲਿਖੋ ਜੋ ਤੁਹਾਡੀ ਯੋਗਤਾ ਜਾਂ ਤੁਹਾਡੇ ਬੈਨਿਫਿਟਾਂ ਦੀ ਰਕਮ ਨੂੰ ਬਦਲ ਸਕਦੀਆਂ ਹਨ। ਤੁਹਾਡੇ ਦੁਆਰਾ ਦਿੱਤੇ ਜਾਣ ਵਾਲੇ ਤਬਦੀਲੀਆਂ ਦੇ ਉਦਾਹਰਨ SAR 7 ਵਿੱਚ ਸੂਚੀਬੱਧ ਕੀਤੇ ਗਏ ਹਨ।

**SAR 7 'ਤੇ ਕਿਸਨੂੰ ਦਸਤਖ਼ਤ ਕਰਨੇ ਚਾਹੀਦੇ ਹਨ**

- **ਨਕਦੀ ਸਹਾਇਤਾ** ਲਈ: ਤੁਸੀਂ ਅਤੇ ਤੁਹਾਡਾ ਸਹਾਇਤਾ-ਪ੍ਰਾਪਤ ਪਤੀ/ਪਤਨੀ, ਰਜਿਟਰਡ ਡੋਮੈਸਟਿਕ ਪਾਰਟਨਰ, ਜਾਂ ਮਾਤਾ/ਪਿਤਾ (ਨਕਦ-ਸਹਾਇਤਾ ਬੱਚਿਆਂ ਦੇ), ਜੇਕਰ ਘਰ ਵਿੱਚ ਰਹਿੰਦੇ ਹਨ।
- **CalFresh** ਲਈ: ਪਰਿਵਾਰ ਦਾ ਮੁਖੀ, ਇਖਤਿਆਰੀ ਨੁਮਾਇੰਦਾ, ਪਰਿਵਾਰ ਦਾ ਕੋਈ ਜ਼ਿੰਮੇਵਾਰ ਸਦੱਸ।
- **ਅਤੇ ਦੋਵਾਂ ਲਈ**: ਰਿਪੋਰਟ ਭਰਨ ਵਿੱਚ ਮਦਦ ਕਰਨ ਵਾਲਾ ਕੋਈ ਵੀ ਦੂਜਾ ਵਿਅਕਤੀ, ਦੁਭਾਸ਼ੀਆਂ, ਜਾਂ ਤੁਹਾਡੇ ਨਿਸ਼ਾਨ ਦਾ ਗਵਾਹ।

**ਜਦੋਂ ਅਸੀਂ ਇਹ ਕਹਿੰਦੇ ਹਾਂ ਤਾਂ ਸਾਡਾ ਮਤਲਬ ਕੀ ਹੁੰਦਾ ਹੈ**

**ਕਨੂੰਨ ਤੋਂ ਨੱਸਣਾ:** ਕਿਸੇ ਵਿਅਕਤੀ ਨੂੰ ਓਦੋਂ ਕਨੂੰਨ ਤੋਂ ਬਚਣ ਜਾਂ ਨੱਸਣ ਵਾਲਾ ਸਮਝਿਆ ਜਾਂਦਾ ਹੈ ਜੇਕਰ ਗਿਰਫ਼ਤਾਰੀ ਦਾ ਵਾਰੰਟ ਜਾਰੀ ਕਰ ਦਿੱਤਾ ਗਿਆ ਹੈ ਅਤੇ ਉਸ ਵਿਅਕਤੀ ਨੂੰ ਪਤਾ ਸੀ ਜਾਂ ਇਹਨਾਂ ਤੱਥਾਂ ਤੋਂ ਪਤਾ ਹੋਣਾ ਚਾਹੀਦਾ ਸੀ ਕਿ ਕਨੂੰਨ ਲਾਗੂ ਕਰਨ ਵਾਲੇ ਉਸਨੂੰ ਲੱਭ ਰਹੇ ਸਨ।

**ਨਕਦੀ ਸਹਾਇਤਾ:** CalWORKs (ਕੈਲੀਫ਼ੋਰਨੀਆ ਵਿੱਚ ਕੰਮ ਦੇ ਮੌਕਿਆਂ ਅਤੇ ਬੱਚਿਆਂ ਨੂੰ ਜ਼ਿੰਮੇਦਾਰੀ ਦਾ ਕਾਰਜਕ੍ਰਮ), ਸ਼ਰਨਾਰਥੀ ਨਕਦੀ ਸਹਾਇਤਾ (RCA), ਤਸਕਰੀ ਅਤੇ ਜੁਰਮ ਦੇ ਸ਼ਿਕਾਰਾਂ ਲਈ ਸਹਾਇਤਾ ਕਾਰਜਕ੍ਰਮ (TCVAP), ਅਤੇ ਪਰਵੇਸ਼ੀ ਨਕਦੀ ਸਹਾਇਤਾ (ECA)।

**ਬਾਲ ਸਹਾਇਤਾ ਸਬੰਧੀ ਭੁਗਤਾਨ:** ਉਹ ਭੁਗਤਾਨ ਜੋ ਤੁਹਾਨੂੰ ਆਪਣੇ ਬੱਚੇ ਜਾਂ ਮਤਰਏ ਬੱਚੇ ਲਈ ਕਿਸੇ ਵਿਅਕਤੀ ਨੂੰ ਕਰਨਾ ਪਵੇਗਾ। ਇਸ ਵਿੱਚ ਤੁਹਾਡੇ ਘਰ ਵਿੱਚ ਰਹਿਣ ਵਾਲੇ ਕਿਸੇ ਮਤਰਏ ਮਾਤਾ/ਪਿਤਾ ਦੁਆਰਾ ਕੀਤੇ ਗਏ ਭੁਗਤਾਨ ਸ਼ਾਮਲ ਹਨ।

**ਸੰਪੂਰਨ SAR 7:** ਇਕ SAR 7 ਸਿਰਫ਼ ਓਦੋਂ "ਸੰਪੂਰਨ" ਹੁੰਦਾ ਹੈ ਜਦੋਂ:

- ਸਾਰੇ ਹਾਂ/ਨਹੀਂ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ, ਅਤੇ
- ਸਾਰੀ ਜਾਣਕਾਰੀ ਭਰੀ ਜਾਂਦੀ ਹੈ, ਅਤੇ
- ਫ਼ਾਰਮ ਵਿੱਚ ਮੰਗੇ ਜਾਣ 'ਤੇ ਸਾਰੇ ਸਬੂਤ ਨੱਥੀ ਕੀਤੇ ਜਾਂਦੇ ਹਨ, ਅਤੇ
- ਫ਼ਾਰਮ ਵਿੱਚ ਸਭ ਲੋੜੀਂਦੇ ਦਸਤਖ਼ਤ ਕੀਤੇ ਜਾਂਦੇ ਹਨ, ਅਤੇ
- ਰਿਪੋਰਟ ਦੇ ਮਹੀਨੇ ਦੇ ਅਖ਼ੀਰਲੇ ਦਿਨ ਤੋਂ ਬਾਅਦ ਫ਼ਾਰਮ 'ਤੇ ਦਸਤਖ਼ਤ ਕਰ ਕੇ ਮਿਤੀ ਪਾਈ ਜਾਂਦੀ ਹੈ।

**ਕੁੱਲ ਰਕਮ:** ਟੈਕਸ, ਸਮਾਜਕ ਸੁਰੱਖਿਆ, ਆਦਿ ਲਈ ਕਟੌਤੀਆਂ ਕਰਨ ਤੋਂ ਪਹਿਲਾਂ, ਤੁਹਾਡੀ ਤਨਖ਼ਾਹ ਦੇ ਚੈੱਕ ਜਾਂ ਦੂਜੇ ਚੈੱਕ (ਬੇਰੁਜ਼ਗਾਰੀ ਬੈਨਿਫਿਟ, ਰਿਟਾਇਰਮੈਂਟ, ਆਦਿ) ਦੀ ਰਕਮ।

**ਪ੍ਰੋਬੇਸ਼ਨ ਜਾਂ ਪੈਰੋਲ ਦੀ ਉਲੰਘਣਾ ਲਈ ਕਸੂਰਵਾਰ:** ਕਿਸੇ ਅਦਾਲਤ ਨੇ ਤੁਹਾਡੇ ਪ੍ਰੋਬੇਸ਼ਨ ਜਾਂ ਪੈਰੋਲ ਦੀਆਂ ਸ਼ਰਤਾਂ ਦੀ ਉਲੰਘਣਾ ਲਈ ਤੁਹਾਨੂੰ ਕਸੂਰਵਾਰ ਠਹਿਰਾਇਆ ਹੈ। ਜਿਸ ਅਸਲੀ ਜੁਰਮ ਲਈ ਪ੍ਰੋਬੇਸ਼ਨ ਜਾਂ ਪੈਰੋਲ ਦਾ ਹੁਕਮ ਦਿੱਤਾ ਗਿਆ ਸੀ ਉਹ ਇਕ ਸੰਗੀਨ ਜੁਰਮ ਜਾਂ ਗਲਤ ਵਿਹਾਰ ਹੋ ਸਕਦਾ ਹੈ।

**ਰਿਪੋਰਟ ਦਾ ਮਹੀਨਾ:** SAR 7 ਦੇ ਉੱਪਰਲੇ ਹਿੱਸੇ ਵਿੱਚ ਵਿਖਾਇਆ ਗਿਆ ਮਹੀਨਾ। ਇਸ ਮਹੀਨੇ ਵਿੱਚ ਤੁਹਾਨੂੰ ਹੋਈ ਪੂਰੀ ਆਮਦਨੀ ਅਤੇ ਕਿਸੇ ਤਬਦੀਲੀਆਂ ਦੀ ਜਾਣਕਾਰੀ ਦਿਓ।

**ਜਮ੍ਹਾਂ ਕਰਾਉਣ ਦਾ ਮਹੀਨਾ:** ਤੁਹਾਡੇ ਦੁਆਰਾ ਰਿਪੋਰਟ 'ਤੇ ਦਸਤਖ਼ਤ ਕਰ ਕੇ ਮਿਤੀ ਪਾਉਣ ਅਤੇ ਉਸਨੂੰ ਜਮ੍ਹਾਂ ਕਰਨ ਦਾ ਮਹੀਨਾ। ਜਮ੍ਹਾਂ ਕਰਾਉਣ ਦਾ ਮਹੀਨਾ SAR 7 ਦੇ ਉੱਪਰਲੇ ਹਿੱਸੇ ਵਿੱਚ, ਰਿਪੋਰਟ ਦੇ ਮਹੀਨੇ ਹੇਠ, ਵਿਖਾਇਆ ਜਾਂਦਾ ਹੈ।

**ਪ੍ਰਮਾਣੀਕਰਨ ਭਾਗ**

- ਤੁਹਾਨੂੰ "ਝੂਠੀ ਗਵਾਹੀ ਦੇਣ ਲਈ ਸਜ਼ਾ ਦੇ ਤਹਿਤ" SAR 7 'ਤੇ ਦਸਤਖ਼ਤ ਕਰਨੇ ਪੈਣਗੇ। ਇਸਦਾ ਮਤਲਬ ਹੈ ਕਿ ਤੁਸੀਂ ਸੌਹ ਖਾਂਦੇ ਹੋ (ਇਕਰਾਰ ਕਰਦੇ ਹੋ) ਕਿ ਤੁਹਾਡੇ ਦੁਆਰਾ ਸਾਨੂੰ ਦੱਸੇ ਗਏ ਤੱਥ ਸੱਚ, ਸਹੀ ਅਤੇ ਸੰਪੂਰਨ ਹਨ।
- ਝੂਠੀ ਗਵਾਹੀ ਦੇਣਾ ਜੁਰਮ ਹੈ – ਇਸਦਾ ਮਤਲਬ ਹੈ ਕਿ ਤੁਸੀਂ ਸੱਚ ਬੋਲਣ ਦੀ ਸੌਹ ਖਾਂਦੀ (ਇਕਰਾਰ ਕੀਤਾ) ਅਤੇ ਫੇਰ ਤੁਸੀਂ ਬੇਈਮਾਨੀ ਕੀਤੀ।

**ਯਾਦ ਰੱਖੋ:**

- ਰਿਪੋਰਟ ਜਮ੍ਹਾਂ ਕਰਾਉਣ ਵਾਲੇ ਮਹੀਨੇ ਦੀ 5 ਤਾਰੀਖ਼ ਨੂੰ ਨਿਯਤ ਹੁੰਦੀ ਹੈ। ਆਪਣੇ ਬੈਨਿਫਿਟਾਂ ਵਿੱਚ ਸਮੱਸਿਆਵਾਂ ਹੋਣ ਤੋਂ ਬਚਣ ਲਈ ਉਸਨੂੰ ਠੀਕ ਸਮੇਂ 'ਤੇ ਜਮ੍ਹਾਂ ਕਰਾਉਣ ਦੀ ਕੋਸ਼ਸ਼ ਕਰੋ।
- ਜੇਕਰ ਤੁਹਾਡੀ ਰਿਪੋਰਟ ਵਿੱਚ ਦੇਰ ਹੁੰਦੀ ਹੈ (ਜਮ੍ਹਾਂ ਕਰਾਉਣ ਦੇ ਮਹੀਨੇ ਦੀ 11 ਤਾਰੀਖ਼ ਤੋਂ ਬਾਅਦ), ਪੂਰੀ ਨਹੀਂ ਹੈ ਜਾਂ ਜਮ੍ਹਾਂ ਨਹੀਂ ਕੀਤੀ ਗਈ ਹੈ, ਤਾਂ ਤੁਹਾਡੇ ਬੈਨਿਫਿਟਾਂ ਵਿੱਚ ਦੇਰੀ ਹੋ ਸਕਦੀ ਹੈ, ਇਹਨਾਂ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ, ਜਾਂ ਇਹ ਰੋਕੇ ਜਾ ਸਕਦੇ ਹਨ।
- ਜੇਕਰ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਧਾਰ 'ਤੇ ਤੁਹਾਡੇ ਬੈਨਿਫਿਟ ਘਟਾਉਣ ਲਈ ਕਾਉਂਟੀ ਨੂੰ ਤੁਹਾਡੀ ਰਿਪੋਰਟ ਬਹੁਤ ਦੇਰ ਨਾਲ ਮਿਲਦੀ ਹੈ, ਤਾਂ ਤੁਹਾਡੇ ਉੱਤੇ ਵਾਧੂ ਭੁਗਤਾਨ ਦਾ ਇਲਜ਼ਾਮ ਲਗਾਇਆ ਜਾ ਸਕਦਾ ਹੈ ਅਤੇ ਤੁਹਾਨੂੰ ਉਹ ਵਾਪਸ ਕਰਨਾ ਪੈ ਸਕਦਾ ਹੈ।
- ਜੇਕਰ ਜਮ੍ਹਾਂ ਕਰਦੇ ਸਮੇਂ ਤੁਹਾਡੀ ਰਿਪੋਰਟ ਪੂਰੀ ਨਹੀਂ ਹੈ, ਤਾਂ ਤੁਹਾਨੂੰ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ, ਜੋ ਤੁਸੀਂ ਛੱਡ ਦਿੱਤੇ ਸਨ, ਅਤੇ/ਜਾਂ ਰਿਪੋਰਟ ਵਿੱਚ ਮੰਗਿਆ ਗਿਆ ਸਬੂਤ ਪੇਸ਼ ਕਰਨ ਲਈ ਕਿਹਾ ਜਾਵੇਗਾ। ਤੁਹਾਡੇ ਬੈਨਿਫਿਟਾਂ ਵਿੱਚ ਦੇਰੀ ਹੋ ਸਕਦੀ ਹੈ।
- ਜੇਕਰ ਤੁਸੀਂ ਜਮ੍ਹਾਂ ਕਰਾਉਣ ਦੇ ਮਹੀਨੇ ਦੀ ਪਹਿਲੀ ਤਾਰੀਖ ਤੋਂ ਪਹਿਲਾਂ ਆਪਣੀ ਰਿਪੋਰਟ 'ਤੇ ਦਸਤਖ਼ਤ ਕਰ ਕੇ ਮਿਤੀ ਪਾਉਂਦੇ ਹੋ, ਤਾਂ ਤੁਹਾਨੂੰ ਉਸ 'ਤੇ ਦੁਬਾਰਾ ਦਸਤਖ਼ਤ ਕਰ ਕੇ ਮਿਤੀ ਪਾਉਣ ਲਈ ਕਿਹਾ ਜਾਵੇਗਾ।
- ਜੇਕਰ ਤੁਸੀਂ ਜਾਣਕਾਰੀ ਦੇਣ ਦੇ ਤਰੀਕੇ, ਕੀ ਜਾਣਕਾਰੀ ਦੇਣੀ ਹੈ ਜਾਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਤੁਹਾਨੂੰ ਕੀ ਸਬੂਤ ਪੇਸ਼ ਕਰਨਾ ਹੈ, ਤਾਂ **ਕਾਉਂਟੀ ਨੂੰ ਪੁੱਛੋ**।
- ਜੇਕਰ ਤੁਹਾਡੀ ਨਕਦੀ ਸਹਾਇਤਾ ਬੰਦ ਹੋ ਜਾਂਦੀ ਹੈ, ਤਾਂ ਵੀ ਤੁਸੀਂ CalFresh ਬੈਨਿਫਿਟਾਂ ਲਈ ਯੋਗ ਹੋ ਸਕਦੇ ਹੋ ਭਾਵੇਂ ਹੁਣ ਤੁਸੀਂ ਨੌਕਰੀ ਕਰਦੇ ਹੋ।
- ਜੇਕਰ ਤੁਹਾਡੀ ਨਕਦੀ ਸਹਾਇਤਾ ਬੰਦ ਹੋ ਜਾਂਦੀ ਹੈ, ਤਾਂ ਵੀ ਤੁਸੀਂ Medi-Cal ਹੇਠ ਮੁਫ਼ਤ ਜਾਂ ਸਸਤੇ ਸਿਹਤ ਬੀਮੇ ਲਈ ਯੋਗ ਹੋ ਸਕਦੇ ਹੋ।

**ਵੈਲਫੇਅਰ ਸਬੰਧੀ ਧੋਖੇਬਾਜ਼ੀ:**

- ਵੈਲਫੇਅਰ ਸਬੰਧੀ ਧੋਖੇਬਾਜ਼ੀ ਓਦੋਂ ਹੁੰਦੀ ਹੈ ਜਦੋਂ ਤੁਸੀਂ, ਇਰਾਦਤਨ ਜ਼ਿਆਦਾ ਬੈਨਿਫਿਟ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਈ, ਜਾਣਕਾਰੀ ਦੇਣ ਵਿੱਚ ਨਾਕਾਮਯਾਬ ਰਹਿੰਦੇ ਹੋ, ਜਾਂ ਗਲਤ ਜਾਣਕਾਰੀ ਦਿੰਦੇ ਹੋ।
- ਧੋਖੇਬਾਜ਼ੀ ਜੁਰਮ ਹੈ।

**ਨਕਦੀ ਸਹਾਇਤਾ ਵੈਲਫੇਅਰ ਸਬੰਧੀ ਧੋਖੇਬਾਜ਼ੀ ਲਈ ਜੁਰਮਾਨੇ:** ਜੇਕਰ ਤੁਹਾਡੇ ਉੱਤੇ ਧੋਖੇਬਾਜ਼ੀ ਦਾ ਜੁਰਮ ਸਾਬਿਤ ਹੁੰਦਾ ਹੈ ਜਾਂ ਜੇਕਰ ਤੁਹਾਨੂੰ ਜਾਣ ਬੁਝ ਕੇ (ਇਰਾਦਤਨ) ਆਪਣੀ ਯੋਗਤਾ ਜਾਣਕਾਰੀ ਠੀਕ ਤਰ੍ਹਾਂ ਨਾ ਦੇਣ ਲਈ ਅਯੋਗ ਠਹਿਰਾਇਆ ਜਾਂਦਾ ਹੈ, ਤਾਂ ਤੁਸੀਂ ਨਕਦੀ ਸਹਾਇਤਾ ਦਾ ਆਪਣਾ ਹਿੱਸਾ ਗੁਆ ਸਕਦੇ ਹੋ। ਤੁਸੀਂ ਕਦੋਂ ਤਕ ਉਹ ਗੁਆਓਗੇ ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਜੁਰਮ ਕੀ ਸੀ ਅਤੇ ਕੀ ਤੁਸੀਂ ਉਹ ਪਹਿਲਾਂ ਕੀਤਾ ਸੀ ਜਾਂ ਨਹੀਂ। ਤੁਹਾਨੂੰ $10,000 ਤਕ ਜੁਰਮਾਨਾ ਅਦਾ ਕਰਨਾ ਪੈ ਸਕਦਾ ਹੈ ਅਤੇ/ਜਾਂ 3 ਸਾਲਾਂ ਤਕ ਜੇਲ੍ਹ ਜਾਂ ਕੈਦਖ਼ਾਨੇ ਵਿੱਚ ਭੇਜਿਆ ਜਾ ਸਕਦਾ ਹੈ।

**ਤੁਹਾਡੀ ਨਕਦੀ ਸਹਾਇਤਾ ਬੰਦ ਕੀਤੀ ਜਾ ਸਕਦੀ ਹੈ:**

- ਸਾਰੇ ਤੱਥਾਂ ਦੀ ਜਾਣਕਾਰੀ ਨਾ ਦੇਣ ਜਾਂ ਗਲਤ ਤੱਥ ਦੇਣ ਲਈ: ਪਹਿਲੀ ਵਾਰ ਲਈ 6 ਮਹੀਨੇ, ਦੂਜੀ ਵਾਰ ਲਈ 12 ਮਹੀਨੇ, ਜਾਂ ਤੀਜੀ ਵਾਰ ਲਈ **ਹਮੇਸ਼ਾ ਲਈ**।
- ਸਮੇਂ ਦੀ ਇਕੋ ਮਿਆਦ ਵਿੱਚ ਕਿਸੇ ਵੱਖਰੇ ਕੇਸ ਵਿੱਚ ਪਰਿਵਾਰ ਦੇ ਉਹਨਾਂ ਹੀ ਸਦੱਸਾਂ ਲਈ ਸਹਾਇਤਾ ਪ੍ਰਾਪਤ ਕਰਨ ਲਈ ਇਕ ਤੋਂ ਵੱਧ ਅਰਜ਼ੀਆਂ ਜਮ੍ਹਾਂ ਕਰਨ ਲਈ: ਪਹਿਲੀ ਵਾਰ ਜੁਰਮ ਸਾਬਿਤ ਹੋਣ ਲਈ 2 ਸਾਲ, ਦੂਜੀ ਵਾਰ ਲਈ 4 ਸਾਲ, ਅਤੇ ਤੀਜੀ ਵਾਰ ਲਈ **ਹਮੇਸ਼ਾ ਲਈ**।
- ਵੈਲਫੇਅਰ ਸਬੰਧੀ ਧੋਖੇਬਾਜ਼ੀ ਦਾ ਸੰਗੀਨ ਜੁਰਮ ਸਾਬਿਤ ਹੋਣ 'ਤੇ ਜੁਰਮਾਨੇ ਇੰਝ ਹਨ: $2,000 ਤੋਂ ਘੱਟ ਅਤਿਰਿਕਤ ਬੈਨਿਫਿਟਾਂ ਲਈ 2 ਸਾਲ; $2,000 ਤੋਂ ਲੈ ਕੇ $4,999 ਦੀ ਰਕਮ ਲਈ 5 ਸਾਲ; ਅਤੇ $5,000 ਜਾਂ ਵੱਧ ਦੀ ਰਕਮ ਲਈ **ਹਮੇਸ਼ਾ ਲਈ**।
- **ਹਮੇਸ਼ਾ ਲਈ:** ਇਕੋ ਸਮੇਂ ਵਿੱਚ ਦੋ ਜਾਂ ਵੱਧ ਕਾਉਂਟੀਆਂ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਕਾਉਂਟੀ ਨੂੰ ਰਿਹਾਇਸ਼ ਦਾ ਨਕਲੀ ਸਬੂਤ ਦੇਣ ਲਈ; ਕਿਸੇ ਅਯੋਗ ਬੱਚੇ ਜਾਂ ਅਜਿਹੇ ਕਿਸੇ ਬੱਚੇ ਲਈ, ਜੋ ਮੌਜੂਦ ਨਹੀਂ ਹੈ, ਕਾਉਂਟੀ ਨੂੰ ਜਾਣ ਬੁਝ ਕੇ (ਇਰਾਦਤਨ) ਗਲਤ ਤੱਥ ਦੇਣ ਲਈ; ਧੋਖੇ ਰਾਹੀਂ ਨਕਦੀ ਸਹਾਇਤਾ ਵਿੱਚ $10,000 ਤੋਂ ਵੱਧ ਪ੍ਰਾਪਤ ਕਰਨਾ; ਕਿਸੇ ਅਦਾਲਤ ਜਾਂ ਪ੍ਰਬੰਧਕੀ ਸੁਣਵਾਈ ਵਿੱਚ ਤੀਜੀ ਵਾਰ ਧੋਖੇਬਾਜ਼ੀ ਦਾ ਜੁਰਮ ਸਾਬਿਤ ਹੋਣ 'ਤੇ।

**CalFresh ਧੋਖੇਬਾਜ਼ੀ ਲਈ ਜੁਰਮਾਨੇ:**

ਜੇਕਰ ਤੁਹਾਡੇ ਉੱਤੇ ਧੋਖੇਬਾਜ਼ੀ ਦਾ ਜੁਰਮ ਸਾਬਿਤ ਹੁੰਦਾ ਹੈ ਜਾਂ ਜੇਕਰ ਤੁਹਾਨੂੰ ਜਾਣ ਬੁਝ ਕੇ (ਇਰਾਦਤਨ) ਆਪਣੀ ਯੋਗਤਾ ਜਾਣਕਾਰੀ ਠੀਕ ਤਰ੍ਹਾਂ ਨਾ ਦੇਣ ਲਈ ਅਯੋਗ ਠਹਿਰਾਇਆ ਜਾਂਦਾ ਹੈ, ਤਾਂ ਪਹਿਲੀ ਉਲੰਘਣਾ ਲਈ 12 ਮਹੀਨੇ, ਦੂਜੀ ਉਲੰਘਣਾ ਲਈ 24 ਮਹੀਨੇ, ਅਤੇ ਤੀਜੀ ਉਲੰਘਣਾ ਲਈ **ਹਮੇਸ਼ਾ ਲਈ** ਤੁਹਾਡੇ CalFresh ਬੈਨਿਫਿਟ ਬੰਦ ਕੀਤੇ ਜਾ ਸਕਦੇ ਹਨ। ਤੁਹਾਨੂੰ $250,000 ਤਕ ਜੁਰਮਾਨਾ ਹੋ ਸਕਦਾ ਹੈ ਅਤੇ/ਜਾਂ 20 ਸਾਲਾਂ ਲਈ ਜੇਲ੍ਹ ਜਾਂ ਕੈਦਖ਼ਾਨੇ ਵਿੱਚ ਭੇਜਿਆ ਜਾ ਸਕਦਾ ਹੈ।

**ਤੁਹਾਡੇ CalFresh ਬੰਦ ਕੀਤੇ ਜਾ ਸਕਦੇ ਹਨ ਜੇਕਰ ਤੁਹਾਨੂੰ ਕਿਸੇ ਅਦਾਲਤ ਜਾਂ ਪ੍ਰਬੰਧਕੀ ਸੁਣਵਾਈ ਵਿੱਚ ਇਨ੍ਹਾਂ ਕਾਰਨਾਂ ਵਜੋਂ ਕਸੂਰਵਾਰ ਠਹਿਰਾਇਆ ਜਾਂਦਾ ਹੈ:**

- ਤੁਸੀਂ ਹਥਿਆਰਾਂ, ਗੋਲੀਆਂ, ਜਾਂ ਵਿਸਫੋਟਕਾਂ ਲਈ CalFresh ਬੈਨਿਫਿਟਾਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ, ਤਾਂ ਪਹਿਲੀ ਉਲੰਘਣਾ ਲਈ ਤੁਹਾਡੇ CalFresh ਬੈਨਿਫਿਟ **ਹਮੇਸ਼ਾ ਲਈ** ਬੰਦ ਕੀਤੇ ਜਾ ਸਕਦੇ ਹਨ।
- ਤੁਸੀਂ ਨਿਯੰਤ੍ਰਿਤ ਪਦਾਰਥਾਂ ਲਈ CalFresh ਬੈਨਿਫਿਟਾਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ। ਤੁਹਾਡੇ CalFresh ਬੈਨਿਫਿਟ ਪਹਿਲੀ ਉਲੰਘਣਾ ਲਈ 24 ਮਹੀਨਿਆਂ ਲਈ ਅਤੇ ਦੂਜੀ ਉਲੰਘਣਾ ਲਈ **ਹਮੇਸ਼ਾ ਲਈ** ਬੰਦ ਕੀਤੇ ਜਾ ਸਕਦੇ ਹਨ।
- ਤੁਸੀਂ $500 ਜਾਂ ਵੱਧ ਕੀਮਤ ਦੇ CalFresh ਬੈਨਿਫਿਟਾਂ ਦਾ ਸੌਦਾ ਕੀਤਾ ਸੀ ਜਾਂ ਉਹ ਵੇਚੇ ਸਨ। ਤੁਹਾਡੇ CalFresh ਬੈਨਿਫਿਟ **ਹਮੇਸ਼ਾ ਲਈ** ਬੰਦ ਕੀਤੇ ਜਾ ਸਕਦੇ ਹਨ।
- ਇਕੋ ਸਮੇਂ ਵਿੱਚ ਇਕ ਤੋਂ ਵੱਧ ਕੇਸਾਂ ਵਿੱਚ CalFresh ਬੈਨਿਫਿਟ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਈ, ਤੁਸੀਂ ਕਾਉਂਟੀ ਨੂੰ ਪਛਾਣ ਜਾਂ ਰਿਹਾਇਸ਼ ਸਬੰਧੀ ਗਲਤ ਜਾਣਕਾਰੀ ਦਿੱਤੀ ਸੀ। ਤੁਹਾਡੇ CalFresh ਬੈਨਿਫਿਟ 10 ਸਾਲਾਂ ਲਈ ਬੰਦ ਕੀਤੇ ਜਾ ਸਕਦੇ ਹਨ।

**ਵਧੇਰੀ ਜਾਣਕਾਰੀ ਲਈ ਦੂਜੇ ਪਾਸੇ ਵੇਖੋ**